| ਨਵੇਂ ਪ੍ਰਵਾਸੀਆਂ ਲਈ ਕਾਨੂੰਨੀ ਫੈਕਟਸ਼ੀਟ | ਡਿਸਏਬਿਲਿਟੀ ਅਸਿਸਟੈਂਸ (ਅਯੋਗਤਾ ਸਹਾਇਤਾ) ਕਿਸ ਨੂੰ ਕਹਿੰਦੇ ਹਨ? | JUSTICE EDUCATION SOCIETY |
|---|---|---|

### ਡਿਸਏਬਿਲਿਟੀ ਅਸਿਸਟੈਂਸ ( ਅਯੋਗਤਾ ਸਹਾਇਤਾ ) ਕਿਸ ਨੂੰ ਕਹਿੰਦੇ ਹਨ?

ਡਿਸਏਬਿਲਟੀ ਅਸਿਸਟੈਂਸ ਉਨ੍ਹਾਂ ਵਿਅਕਤੀਆਂ ਲਈ ਹੈ- ਜਿਹੜੇ ਕਿਸੇ ਅਯੋਗਤਾ ਕਾਰਨ ਕੰਮ ਨਹੀਂ ਕਰ ਸਕਦੇ ਜਾਂ ਪੂਰਾ ਸਮਾਂ ਕੰਮ ਕਰਨ `ਚ ਮੁਸ਼ਕਲ ਆ ਰਹੀ ਹੈ। ਇਹੋ ਜਿਹੇ ਲੋਕਾਂ ਦੀ ਸਰਕਾਰ ਵਿਤੀ ਸਹਾਇਤਾ, ਟ੍ਰੇਨਿੰਗ ਪ੍ਰੋਗਰਾਮਾਂ ਅਤੇ ਪੜ੍ਹਾਈ ਰਾਹੀਂ ਮਦਦ ਕਰਦੀ ਹੈ। ਜੇ ਤੁਹਾਡੇ `ਚ ਕੋਈ ਅਯੋਗਤਾ ਹੈ ਤਾਂ ਤੁਸੀਂ ਪਰਸਨਜ਼ ਵਿਦ ਡਿਸਏਬਿਲਟੀ (ਪੀ ਡਬਲਿਊ ਡੀ) ਭਾਵ ਅਯੋਗਤਾ ਵਾਲੇ ਲੋਕਾਂ ਨੂੰ ਮਿਲਣ ਵਾਲੀ ਸਹਾਇਤਾ ਦੇ ਹੱਕਦਾਰ ਹੋ ਸਕਦੇ ਹੋ।

### ਮੈਨੂੰ ਕਿਸ ਤਰ੍ਹਾਂ ਪਤਾ ਲੱਗੇਗਾ ਕਿ ਮੈਂ ਪੀ ਡਬਲਿਊ ਡੀ ਲਾਭਾਂ ਦੇ ਯੋਗ ਹਾਂ?

ਹੱਕਦਾਰ ਹੋਣ ਲਈ:

- ਤੁਹਾਡੀ ਉਮਰ ਘੱਟੋ ਘੱਟ 18 ਸਾਲ ਹੋਣੀ ਚਾਹੀਦੀ ਹੈ
- ਤੁਹਾਡੀ ਕੰਮ ਕਰਨ ਦੀ ਅਯੋਗਤਾ ਗੰਭੀਰ ਹੋਣੀ ਚਾਹੀਦੀ ਹੈ ਅਤੇ ਇਹ ਆਸ ਹੋਣੀ ਚਾਹੀਦੀ ਹੈ ਕਿ ਇਹ ਦੋ ਸਾਲ ਜਾਂ ਇਸ ਤੋਂ ਵੱਧ ਤੱਕ ਰਹਿ ਸਕਦੀ ਹੈ ਅਤੇ
- ਇਹ ਸਿੱਧੇ ਅਤੇ ਖਾਸ ਤੌਰ `ਤੇ ਤੁਹਾਡੇ ਨਿਤ ਪ੍ਰਤੀ ਜੀਵਨ ਦੀਆਂ ਗਤੀਵਿਧੀਆਂ `ਚ ਰੁਕਾਵਟ ਪਾਣ ਵਾਲੀ ਹੋਣੀ ਚਾਹੀਦੀ ਹੈ।

ਇਸ ਤੋਂ ਬਿਨਾ ਤੁਹਾਡੀ ਅਯੋਗਤਾ ਕਰਕੇ, ਤੁਹਾਨੂੰ ਇਹ ਲੋੜ ਪਵੇਗੀ:

- ਕਿਸੇ ਹੋਰ ਦੀ ਖਾਸ ਮਦਦ ਜਾਂ
- ਕਿਸੇ ਸਹਾਇਕ ਯੰਤਰ ਦੀ ਲੋੜ ( ਜਿਵੇਂ ਵ੍ਹੀਲ ਚੇਅਰ ਆਦਿ) ਜਾਂ
- ਕਿਸੇ ਸਹਾਇਤਾ ਦੇਣ ਵਾਲ਼ੇ ਜਾਨਵਰ ਦੀ ਲੋੜ

## ਕਿਸ ਤਰ੍ਹਾਂ ਅਰਜ਼ੀ ਦੇਣੀ ਹੈ?

ਪੀ ਡਬਿਲਿਊ ਡੀ ਬੈਨਿਫਿਟਸ ਵਾਲ਼ੀ ਅਰਜ਼ੀ ਦੇ ਚਾਰ ਸੈਕਸ਼ਨ ਹਨ; ਪਹਿਲਾ ਸੈਕਸ਼ਨ ਆਨਲਾਇਨ `ਤੇ ਜਾ ਕੇ ਸੈਲਫ ਸਰਵ ਅਸੈਸਮੈਂਟ ਅਤੇ ਐਪਲੀਕੇਸ਼ਨ ਵੇਖੋ: www.iaselfserve.gov.bc.ca ਆਪਣੇ ਸਬੰਧੀ ਨਿਜੀ ਜਾਣਕਾਰੀ ਦੇਣ ਦੇ ਨਾਲ਼ ਇਹ ਵੀ ਦੱਸੋ ਕਿ ਤੁਹਾਡੀ ਅਯੋਗਤਾ ਦਾ ਤੁਹਾਡੇ ਜੀਵਨ `ਤੇ ਕਿਸ ਤਰ੍ਹਾਂ ਦਾ ਅਸਰ ਪੈ ਰਿਹਾ ਹੈ। ਸੈਕਸ਼ਨ 2: ਇਸ ਨੂੰ ਡਾਕਟਰ ਵੱਲੋਂ ਹੀ ਭਰਿਆ ਜਾਣਾ ਚਾਹੀਦਾ ਹੈ। ਸੈਕਸ਼ਨ 3: ਇਹ ਕਿਸੇ ਅਸੈਸਰ (ਜਾਇਜ਼ਾ ਲੈਣ ਵਾਲ਼ੇ) ਵੱਲੋਂ ਹੀ ਭਰਿਆ ਜਾਣਾ ਚਾਹੀਦਾ ਹੈ। ਅਸੈਸਰ ਕੋਈ ਡਾਕਟਰ, ਨਰਸ, ਸਾਈਕੋਲੋਜਿਸਟ, ਅਕੂਪੇਸ਼ਨਲ ਥਰਾਪਿਸਟ, ਕਾਇਰੋਪ੍ਰੈਕਟਰ ਜਾਂ ਫਿਜ਼ੀਕਲ ਥਰਾਪਿਸਟ ਹੋ ਸਕਦਾ ਹੈ।

### ਅਰਜ਼ੀ ਦੇਣ ਲਈ ਕਿੱਥੋਂ ਮਦਦ ਮਿਲ ਸਕਦੀ ਹੈ?

ਅਰਜ਼ੀ ਦੇਣ ਦਾ ਕੰਮ ਬੜਾ ਲੰਬਾ ਅਤੇ ਗੁੰਝਲਦਾਰ ਅਤੇ ਵਧੇਰੇ ਸਮਾਂ ਲੈਣ ਵਾਲਾ ਹੋ ਸਕਦਾ ਹੈ। ਬੀ ਸੀ ਕੋਲੀਸ਼ਨ ਆਫ ਪੀਪਲ ਵਿਦ ਡਿਸਏਬਿਲਟੀਜ਼ (ਬੀ ਸੀ ਸੀ ਪੀ ਡੀ) ਉਨ੍ਹਾਂ ਲੋਕਾਂ ਦੀ ਬੀ ਸੀ ਡਿਸਏਬਿਲਿਟੀ ਲਾਭ ਪ੍ਰਾਪਤ ਕਰਨ `ਚ ਮਦਦ ਕਰਦੀ ਹੈ ਜੋ ਕੰਮ ਕਰਨ ਦੇ ਯੋਗ ਨਹੀਂ। ਉਹ ਅਰਜ਼ੀ ਭਰਨ ਦੀ ਪ੍ਰਕਿਰਿਆ `ਚ ਵੀ ਮਦਦ ਕਰਦੇ ਹਨ।

**ਜਾਣਕਾਰੀ ਅਤੇ ਮਦਦ ਲਓ**

ਬੀ ਸੀ ਸੀ ਪੀ ਡੀ ਦੇ ਐਡਵੋਕੇਸੀ ਐਕਸੈਸ ਪ੍ਰੋਗਰਾਮ ਨਾਲ਼ ਸੰਪਰਕ ਕਰੋ

604-872-1278 (ਵੈਨਕੂਵਰ)`ਤੇ ਫ਼ੋਨ ਕਰੋ। ਟੋਲ ਫਰੀ: 1-800-663-1278

### ਮੈਨੂੰ ਪੀ ਡਬਿਲਿਊ ਡੀ `ਚ ਕਿਹੜੇ ਕਿਹੜੇ ਲਾਭ ਮਿਲਣਗੇ:

- ਜੇ ਤੁਸੀਂ ਇਕੱਲੇ ਹੋ ਅਤੇ ਤੁਹਾਡੇ `ਤੇ ਕੋਈ ਨਿਰਭਰ ਨਹੀਂ ਤਾਂ ਤੁਹਾਨੂੰ ਪ੍ਰਤੀ ਮਹੀਨਾ 906 ਡਾਲਰ ਮਿਣਗੇ।
- ਤੁਹਾਡੇ ਤੋਂ ਇਹ ਆਸ ਨਹੀਂ ਰੱਖੀ ਜਾਵੇਗੀ ਕਿ ਤੁਸੀਂ ਕੰਮ ਕਰੋਗੇ।
- ਤੁਸੀਂ 800 ਡਾਲਰ ਤੱਕ ਅਰਨਡ ਇਨਕਮ ਰੱਖ ਸਕੋਗੇ
- ਤੁਸੀਂ ਕੁੱਝ ਹੈਲਥ ਸਪਲੀਮੈਂਟ ਵੀ ਲੈ ਸਕੋਗੇ।
- ਤੁਹਾਨੂੰ ਸਾਲਾਨਾ ਬੱਸ ਪਾਸ ਵੀ ਮਿਲ ਸਕਦਾ ਹੈ।

### ਜੇ ਮੈਨੂੰ ਇਹ ਕਹਿ ਦਿੱਤਾ ਜਾਵੇ ਕਿ ਤੁਸੀਂ ਪੀ ਡਬਿਲਿਊ ਲਾਭਾਂ ਦੇ ਯੋਗ ਨਹੀਂ ਹੋ ਫੇਰ?

ਜੇ ਤੁਹਾਡੀ ਪੀ ਡਬਿਲਿਊ ਲਾਭਾਂ ਦੀ ਅਰਜ਼ੀ ਰੱਦ ਕਰ ਦਿੱਤੀ ਜਾਂਦੀ ਹੈ ਤਾਂ ਤੁਸੀਂ ਆਪਣੇ ਕੇਸ ਦੀ ਅਪੀਲ ਕਰ ਸਕਦੇ ਹੋ।ਤੁਹਾਡੀ ਅਰਜ਼ੀ ਰੱਦ ਕਰਨ ਵਾਲ਼ੇ ਪੱਤਰ ਦੇ ਮਿਲਣ ਤੋਂ ਬਾਅਦ ਤੁਹਾਡੇ ਕੋਲ਼ ਮਨਿਸਟਰੀ ਕੋਲ ਅਪੀਲ ਕਰਨ ਲਈ 20 ਦਿਨ ਦਾ ਸਮਾਂ ਹੋਵੇਗਾ। ਪਰ ਇਸ ਲਈ ਤੁਹਾਨੂੰ ਮਨਿਸਟਰੀ ਆਫ ਸੋਸ਼ਲ ਡਿਵੈਲਪਮੈਂਟ ਅਤੇ ਸੋਸ਼ਲ ਇਨੋਵੇਸ਼ਨ ਕੋਲੋਂ ਫਾਰਮ ਲੈਣਾ ਪਵੇਗਾ। 1-866-866-0800 `ਤੇ ਫੋਨ ਕਰੋ। ਇਹ ਯਾਦ ਰੱਖੋ ਕਿ ਜਦੋਂ ਵੀ ਤੁਹਾਨੂੰ ਤੁਹਾਡੀ ਅਰਜ਼ੀ ਰੱਦ ਹੋਣ ਦਾ ਪੱਤਰ ਮਿਲਦਾ ਹੈ ਤੁਸੀਂ ਜਿੰਨੀ ਛੇਤੀ ਹੋ ਸਕੇ ਫੋਨ ਕਰੋ।

### ਜੇ ਐਮ ਐਸ ਡੀ ਐਸ ਆਈ ਵੀ ਮੇਰੀ ਬੇਨਤੀ `ਤੇ ਮੁੜ ਵਿਚਾਰ ਕਰਨ ਤੋਂ ਨਾਂਹ ਕਰ ਦੇਵੇ ਤਾਂ ਫੇਰ?

ਜੇ ਮੁੜ ਵਿਚਾਰ ਦੀ ਤੁਹਾਡੀ ਬੇਨਤੀ ਰੱਦ ਹੋ ਜਾਂਦੀ ਹੈ ਤਾਂ ਤੁਸੀਂ ਇਸ ਦੀ ਅਪੀਲ ਟ੍ਰਿਬਿਊਨਲ ਨੂੰ ਇਸ ਸਬੰਧੀ ਪੁੱਛ ਸਕਦੇ ਹੋ।ਅਪੀਲ ਟ੍ਰਿਬਿਊਨਲ ਨੂੰ ਪੁੱਛਣ ਤੋਂ ਪਹਿਲਾਂ ਤੁਹਾਨੂੰ ਇਹ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਕੀ ਇਹ ਠੀਕ ਢੰਗ ਹੈ।
ਇਹ ਸਮਝਣਾ ਜ਼ਰੂਰੀ ਹੈ ਕਿ ਤੁਸੀਂ ਅਪੀਲ ਟ੍ਰਿਬਿਊਨਲ ਦੀ ਸੁਣਵਾਈ ਸਮੇਂ ਕੀ ਕਰ ਸਕਦੇ ਹੋ ਅਤੇ ਕੀ ਨਹੀਂ:

- ਆਪਣੇ ਕੇਸ ਦੀ ਮਜ਼ਬੂਤੀ ਲਈ ਤੁਸੀਂ ਹੋਰ ਜਾਣਕਾਰੀ ਦੇ ਸਕਦੇ ਹੋ
- ਤੁਸੀਂ ਆਪਣੇ ਬਿਆਨ ( ਆਪਣੀ ਕਹਾਣੀ) ਦੇ ਸਕਦੇ ਹੋ ਜਾਂ ਗਵਾਹਾਂ ਨੂੰ ਬਿਆਨ ਦੇਣ ਲਈ ਕਹਿ ਸਕਦੇ ਹੋ
- ਤੁਸੀਂ ਕੋਈ ਨਵੀਂ ਜਾਣਕਾਰੀ ਨਹੀਂ ਦੇ ਸਕਦੇ ਜਿਸ ਦਾ ਤੁਹਾਡੀ ਪੀ ਡਬਿਲਿਊ ਡੀ ਨਾਲ਼ ਕੋਈ ਸਬੰਧ ਨਹੀਂ

**ਕੰਮ ਛੇਤੀ ਹੋ ਸਕਦੇ ਹਨ!**
ਯਾਦ ਰੱਖੋ, ਰੀਕੋਨਸਿਡਰੇਸ਼ਨ ਦਾ ਫੈਸਲਾ ਆਉਣ ਤੋਂ ਕੰਮ ਕਰਨ ਦੇ 7 ਦਿਨ ਦੇ ਅੰਦਰ ਅੰਦਰ ਆਪਣੀ ਬੇਨਤੀ ਅਪੀਲ ਟ੍ਰਿਬਿਊਨਲ ਨੂੰ ਭੇਜਣੀ ਚਾਹੀਦੀ ਹੈ। ਫਾਰਮ www.gov.bc.ca/eaat ਤੋਂ ਲਓ।

### ਜੇ ਟ੍ਰਿਬਿਊਨਲ ਦਾ ਫੈਸਲਾ ਮੇਰੇ ਹੱਕ `ਚ ਨਹੀਂ ਤਾ ਫੇਰ?

ਜੇ ਤੁਹਾਡੇ ਲਾਭਾਂ ਨੂੰ ਅਸਵੀਕਾਰ ਕਰਨ ਦੇ ਮਨਿਸਟਰੀ ਦੇ ਫੈਸਲੇ ਦੀ ਟ੍ਰਿਬਿਊਨਲ ਵੱਲੋਂ ਵੀ ਪ੍ਰੋੜ੍ਹਤਾ ਕੀਤੀ ਗਈ ਹੈ ਤਾਂ ਇਸ ਦਾ ਅਰਥ ਇਹ ਹੈ ਕਿ ਤੁਸੀਂ ਆਪਣਾ ਕੇਸ ਹਾਰ ਗਏ ਹੋ। ਜੇ ਇਸ ਤਰ੍ਹਾਂ ਦੀ ਸਥਿਤੀ ਹੈ ਅਤੇ ਤੁਸੀਂ ਕਿਸੇ ਵਕੀਲ ਨਾਲ਼ ਗੱਲ ਕਰਨੀ ਚਾਹੁੰਦੇ ਹੋ ਤਾਂ www.povnet.org `ਤੇ ਜਾਓ।

ਇਸ ਫੈਕਟਸ਼ੀਟ `ਚ ਦਿੱਤੀ ਗਈ ਹੇਠ ਲਿਖੀ ਜਾਣਕਾਰੀ ਬੀ ਸੀ ਕੋਲੀਸ਼ਨ ਆਫ ਪੀਪਲ ਵਿਦ ਡਿਸਏਬਿਲਿਟੀਜ਼ ਦੀ ਹੈਲਪ ਸ਼ੀਟ ਨੰਬਰ 2,3, 5 ਏ ਅਤੇ 5 ਬੀ `ਚੋਂ ਲਈ ਗਈ ਹੈ। ਹੋਰ ਜਾਣਕਾਰੀ ਲਈ www.BCCPD.bc.ca`ਤੇ ਜਾਓ।

ਖ਼ਾਸ: ਹੈਲਪ ਸ਼ੀਟਾਂ ਪੰਜਾਬੀ ਅਤੇ ਚੀਨੀ ਭਾਸ਼ਾ `ਚ ਵੀ ਮਿਲਦੀਆਂ ਹਨ।

**ਇਹ ਫੈਕਟਸ਼ੀਟ ਕਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਦੀ ਸੂਬਾਈ ਸਰਕਾਰ ਵੱਲੋਂ ਮਿਲੀ ਫੰਡਿਗ ਕਾਰਨ ਹੀ ਬਣਾਈ ਜਾ ਸਕੀ ਹੈ।**